# ਬੱਚੇ ਦੇ ਵਿਕਾਸ ਦੀਆਂ ਪ੍ਰਾਪਤੀਆਂ - ਪਹਿਲੇ ਤਿੰਨ ਸਾਲਾਂ ਵਿੱਚ

## ਵਿਕਾਸ ਦੀਆਂ ਪ੍ਰਾਪਤੀਆਂ



- ਵਿਕਾਸ ਸੰਬੰਧੀ ਪ੍ਰਾਪਤੀਆਂ ਨਾਲ ਇੱਕ ਬੱਚੇ ਦੇ ਵਿਕਾਸ ਨੂੰ ਮਾਪਿਆ ਜਾ ਸਕਦਾ ਹੈ।
- ਵਿਕਾਸ ਦੀਆਂ ਪ੍ਰਾਪਤੀਆਂ ਬੱਚਿਆਂ ਵਿੱਚ ਸੰਕੇਤ ਹਨ ਜੋ ਸਾਨੂੰ ਉਹਨਾਂ ਦਾ ਵਧਣ ਅਤੇ ਵਿਕਸਿਤ ਹੋਣ ਬਾਰੇ ਦੱਸਦੇ ਹਨ।
- ਹਰ ਬੱਚਾ ਆਪਣੀ ਗਤੀ ਨਾਲ ਪ੍ਰਾਪਤੀ ਕਰਦਾ ਹੈ।
- ਇਹ ਉਪਲਬਧੀਆਂ ਅਸਲ ਵਿੱਚ ਸਥਾਈ ਨਹੀਂ ਹੁੰਦੀਆਂ, ਪਰੰਤੂ ਆਮ ਤੌਰ ਤੇ ਬਹੁਤ ਸਾਰੇ ਬੱਚੇ ਲਗਭਗ ਇੱਕੋ ਜਿਹੀ ਉਮਰ ਵਿੱਚ ਇਹਨਾਂ ਵਿੱਚੋਂ ਗੁਜ਼ਰਦੇ ਹਨ।
- ਬੱਚੇ ਦੀ ਉਪਲਬਧੀ (ਪ੍ਰਾਪਤੀ) ਵਿੱਚ 2-3 ਮਹੀਨਿਆਂ ਦੀ ਦੇਰੀ ਹੋਣ ਤੇ ਮੈਡੀਕਲ ਸਲਾਹ/ਵਿਕਾਸ ਸੰਬੰਧੀ ਮੁਲਾਂਕਣ ਅਤੇ ਪ੍ਰੇਰਨਾ ਦੀ ਲੋੜ ਪੈਂਦੀ ਹੈ।






# ਵਿਕਾਸ ਦੀਆਂ ਪ੍ਰਾਪਤੀਆਂ ਲਈ ਸਿਫਾਰਿਸ਼ਾਂ:









| ਉਮਰ | ਤੁਸੀਂ ਕੀ ਕਰ ਸਕਦੇ ਹੋ | ਬੱਚੇ ਕੀ ਕਰ ਸਕਦੇ ਹਨ |
|---|---|---|
| 0-3 ਮਹੀਨੇ | * ਆਪਣੇ ਬੱਚੇ ਵੱਲ ਮੁਸਕਰਾਓ, ਬੱਚੇ ਦੀਆਂ ਅੱਖਾਂ ਵਿੱਚ ਦੇਖੋ ਅਤੇ ਆਪਣੇ ਬੱਚੇ ਨਾਲ ਗੱਲਾਂ ਕਰੋ।<br>* ਬੱਚੇ ਨੂੰ ਦੇਖਣ, ਸੁਣਨ, ਮਹਿਸੂਸ ਕਰਨ ਅਤੇ ਹਰਕਤ ਕਰਨ ਲਈ ਤਰੀਕੇ ਪ੍ਰਦਾਨ ਕਰੋ। | * ਪ੍ਰਤੀਕਿਰਿਆ ਵਿੱਚ ਮੁਸਕਰਾਉਣਾ।<br>* ਬੰਨੇ ਰੀਬਨ ਨੂੰ ਛੂਹਣਾ।<br>* ਆਵਾਜ਼ ਕੱਢਣ ਲੱਗਣਾ। |
| 3-6 ਮਹੀਨੇ | * ਆਪਣੇ ਬੱਚੇ ਨੂੰ ਵੱਡੀਆਂ ਰੰਗਦਾਰ ਚੀਜ਼ਾਂ ਦੇਖਣ ਅਤੇ ਵਰਤਣ ਲਈ ਦਿਓ।<br>* ਆਪਣੇ ਬੱਚੇ ਨਾਲ ਗੱਲਾਂ ਕਰੋ ਅਤੇ ਉਸਨੂੰ ਜਵਾਬ ਦਿਓ। ਆਵਾਜ਼ਾਂ ਅਤੇ ਇਸ਼ਾਰਿਆਂ ਨਾਲ ਗੱਲਾਂ ਕਰੋ। | * ਸਿੱਧੇ ਖੜ੍ਹੇ ਰਹਿਣ ਦੌਰਾਨ ਸਿਰ ਰੋਕ ਕੇ ਰੱਖਣਾ।<br>* ਆਵਾਜ਼ ਵੱਲ ਚਿਹਰਾ ਕਰਨਾ।<br>* ਵਸਤੂਆਂ ਚੁੱਕਣਾ। |
| ਲਗਭਗ 9 ਮਹੀਨੇ | * ਆਪਣੇ ਬੱਚੇ ਦੇ ਪਕੜਣ ਲਈ ਉਸਨੂੰ ਸੁਰੱਖਿਅਤ ਚੀਜ਼ਾਂ ਦਿਓ ਅਤੇ ਉਹ ਚੀਜ਼ਾਂ ਦਿਓ ਜੋ ਆਵਾਜ਼ ਕਰਦੀਆਂ ਹੋਣ।<br>* ਖੇਡਾਂ ਜਿਵੇਂ ਲੁੱਕਣਮੀਟੀ ਖੇਡੋ।<br>* ਬੱਚੇ ਨੂੰ ਚੀਜ਼ਾਂ ਅਤੇ ਲੋਕਾਂ ਦੇ ਨਾਮ ਦੱਸੋ। | * ਲੇਟੀ ਹੋਈ ਹਾਲਤ ਵਿੱਚੋਂ ਬਹਿਣਾ।<br>* ਅੰਗੂਠੇ ਅਤੇ ਉਂਗਲ ਨੂੰ ਚੁੱਕਣਾ।<br>* ਸਹਾਇਤਾ ਤੋਂ ਬਿਨਾਂ ਬੈਠਣਾ। |
| ਲਗਭਗ 1 ਸਾਲ | | * ਸਹਾਇਤਾ ਤੋਂ ਬਗੈਰ ਸਹੀ ਖੜ੍ਹਾ ਹੋਣਾ ।<br>* ਹੱਥ ਹਿਲਾਣਾ।<br>* ਪਾਪਾ/ਮੰਮਾ ਕਹਿਣਾ। |
| ਲਗਭਗ 1½ ਸਾਲ | * ਆਪਣੇ ਬੱਚੇ ਨੂੰ ਢੇਰ ਲਗਾਉਣ ਅਤੇ ਡੱਬਿਆਂ ਵਿੱਚ ਰੱਖਣ ਅਤੇ ਬਾਹਰ ਕੱਢਣ ਲਈ ਚੀਜ਼ਾਂ ਦਿਓ।<br>* ਆਪਣੇ ਬੱਚੇ ਨੂੰ ਆਮ ਸਵਾਲ ਪੁੱਛੋ। ਆਪਣੇ ਬੱਚੇ ਦੀਆਂ ਗੱਲਾਂ ਕਰਨ ਦੀਆਂ ਕੋਸ਼ਿਸ਼ਾਂ ਤੇ ਪ੍ਰਤੀਕਿਰਿਆ ਕਰੋ। | * ਇੱਛਾਵਾਂ ਜ਼ਾਹਿਰ ਕਰਨਾ।<br>* ਕੱਪ ਵਿੱਚ 3 ਪੱਥਰ ਪਾਉਣਾ।<br>* ਸਹੀ ਤਰਾਂ ਚੱਲਣਾ। |
| ਲਗਭਗ 2 ਸਾਲ | | * ਸਹਾਇਤਾ ਨਾਲ ਇੱਕ ਪੈਰ ਤੇ ਖੜ੍ਹੇ ਹੋਣਾ।<br>* ਇੱਕ ਹੋਰ ਸ਼ਬਦ ਕਹਿਣਾ।<br>* ਘਰ ਦੇ ਕੰਮ ਦੀ ਨਕਲ ਕਰਨਾ। |
| ਲਗਭਗ 2½ ਸਾਲ | * ਆਪਣੇ ਬੱਚੇ ਨੂੰ ਗਿਣਤੀ ਕਰਣ ਵਿੱਚ ਮਦਦ ਕਰੋ ਅਤੇ ਚੀਜਾਂ ਦਾ ਫਰਕ ਪਛਾਣਨ ਵਿੱਚ ਮਦਦ ਕਰੋ; ਆਪਣੇ ਬੱਚੇ ਲਈ ਸੌਖੇ ਖਿਡੌਣੇ ਬਣਾਓ।<br>* ਆਪਣੇ ਬੱਚੇ ਨੂੰ ਗੱਲਾਂ ਕਰਨ ਲਈ ਉਤਸਾਹਿਤ ਕਰੋ ਅਤੇ ਆਪਣੇ ਬੱਚੇ ਦੇ ਸਵਾਲਾਂ ਦੇ ਜਵਾਬ ਦਿਓ। ਆਪਣੇ ਬੱਚੇ ਨੂੰ ਕਹਾਣੀਆਂ, ਗਾਣੇ ਅਤੇ ਖੇਡਾਂ ਸਿਖਾਓ। | * ਸਰੀਰ ਦੇ 4 ਅੰਗਾਂ ਦੇ ਵੱਲ ਸੰਕੇਤ ਕਰਨਾ।<br>* ਥੋੜਾ ਡੋਲਦੇ ਹੋਏ ਖੁਦ ਖਾਣਾ।<br>* ਇੱਕ ਰੰਗ ਦਾ ਸਹੀ ਤਰੀਕੇ ਨਾਲ ਨਾਮ ਦੱਸਣਾ। |
| ਲਗਭਗ 3 ਸਾਲ | | * ਸਿੱਧੇ ਰੇਖਾ ਦੀ ਨਕਲ ਕਰਨਾ ਅਤੇ ਖਿੱਚਣਾ।<br>* ਖੁਦ ਹੱਥ ਧੋਣਾ।<br>* 4 ਵਿੱਚੋਂ 3 ਵਸਤੂਆਂ ਦੇ ਨਾਮ ਦੱਸਣਾ। |